DEPARTMENTAL ACTIVITIES

ਪੰਜਾਬ ਟਾਇਮਜ਼
Leading Punjabi daily newspaper

ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਨੇ ਵਾਤਾਵਰਨ ਜਾਗਰੂਕਤਾ ਮੁਕਾਬਲੇ ਕਰਵਾਏ

ਪੰਜਾਬ ਟਾਇਮਜ਼ ਵਿਸ਼ੇਸ਼

ਤਲਵੰਡੀ ਸਾਬੋ, 1 ਅਪ੍ਰੈਲ (ਰਾਮਪਾਲ ਅਰੋੜਾ)–ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਣਤ੍ਰਿਣ ਜੀਵਜੰਤ ਸੰਤੁਲਨ ਮੁੜ ਬਹਾਲੀ ਕੇਂਦਰ ਦੁਆਰਾ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਵਿਖੇ ਐਕਸਟੈਂਸ਼ਨ ਸੈਂਟਰ ਖੋਲ੍ਹਿਆ ਗਿਆ ਹੈ ।ਇਸ ਸੈਂਟਰ ਦੇ ਕੋਆਰਡੀਨੇਟਰ ਡਾ ਸੁਖਪਾਲ ਸਿੰਘ ਚੱਠਾ ਐਸਿਸਟੈਂਟ ਪ੍ਰੋਫੈਸਰ ਮਕੈਨੀਕਲ ਇੰਜਨੀਅਰਿੰਗ ਹਨ। ਇਸ ਸੈਂਟਰ ਦੁਆਰਾ ਵੱਖ ਵੱਖ ਵਾਤਾਵਰਨ ਸੰਬੰਧੀ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਲਗਭਗ 100 ਵਿਦਿਆਰਥੀਆਂ ਨੇ ਭਾਗ ਲਿਆ ।ਮਨਪ੍ਰੀਤ ਕੌਰ ਬੀ ਐੱਸ ਸੀ ਦੀ ਵਿਦਿਆਰਥਣ ਨੇ ਪੋਸਟਰ ਮੇਕਿੰਗ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ।ਸਮਨਦੀਪ ਕੌਰ ਬੀ ਐਸਸੀ ਦੀ ਵਿਦਿਆਰਥਣ ਨੇ ਡਿਬੇਟ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ।ਇਸੇ ਤਰ੍ਹਾਂ ਸ਼ੁਭਮ ਅਤੇ ਪਰਮਜੀਤ ਕੌਰ ਦੀ ਟੀਮ ਨੇ ਕੁਇਜ਼ ਕੰਪੀਟੀਸ਼ਨ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ।ਕੈਂਪਸ ਡਾਇਰੈਕਟਰ ਡਾ ਜਸਬੀਰ ਸਿੰਘ ਹੁੰਦਲ ਨੇ ਜੇਤੂ ਵਿਦਿਆਰਥੀਆਂ ਨੂੰ ਟਰਾਫੀਆਂ ਅਤੇ ਸਰਟੀਫਿਕੇਟ ਵੰਡੇ ।ਉਨ੍ਹਾਂ ਦੱਸਿਆ ਕਿ ਗੁਰੂ ਕਾਸ਼ੀ ਕੈਂਪਸ ਦੁਆਰਾ ਵਾਤਾਵਰਨ ਸੰਭਾਲ ਲਈ ਇਸ ਤਰ੍ਹਾਂ ਦੇ ਮੁਕਾਬਲੇ ਭਵਿੱਖ ਵਿੱਚ ਵੀ ਕਰਵਾਏ ਜਾਣਗੇ ਅਤੇ ਵਿਦਿਆਰਥੀਆਂ ਵਿੱਚ ਵਾਤਾਵਰਨ ਸੰਭਾਲ ਸਬੰਧੀ ਜਾਗਰੂਕਤਾ ਪੈਦਾ ਕੀਤੀ ਜਾਵੇਗੀ ।ਇਸ ਸਮੇਂ ਡਾ ਜਗਤਾਰ ਸਿੰਘ ਮੁਖੀ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਅਤੇ ਵੱਖ ਵੱਖ ਈਵੈਂਟਸ ਦੇ ਕੋਆਰਡੀਨੇਟਰਜ ਡਾ. ਨਰਿੰਦਰ ਕੌਰ ,ਡਾ. ਅਮਨਦੀਪ ਕੌਰ,ਡਾ. ਸੰਜੀਵ ਮਹਿਤਾ, ਡਾ. ਅਵਤਾਰ ਸਿੰਘ, ਡਾ. ਪ੍ਰਦੀਪ ਜਿੰਦਲ, ਡਾ. ਰਾਕੇਸ਼ ਭਾਟੀਆ, ਡਾ. ਰਾਜ ਭੁਪਿੰਦਰ ਕੌਰ , ਸ੍ਰੀਮਤੀ ਗੁਰਪ੍ਰੀਤ ਭਾਰਤੀ ਅਤੇ ਡਾ. ਸਵਿਤਾ ਸਾਮਲ ਸਨ ।

Main Edition

53 ਵੀਂ ਦੋ ਰੋਜਾ ਸਾਲਾਨਾ ਅਥਲੈਟਿਕ ਮੀਟ

25 ਮਾਰਚ (ਅਰਸ਼ਦੀਪ ਸਮਾਘ) ਤਲਵੰਡੀ ਸਾਬੋ –ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ 53ਵੀਂ ਦੋ ਰੋਜਾ ਸਾਲਾਨਾ ਅਥਲੈਟਿਕ ਮੀਟ ਆਯੋਜਿਤ ਕੀਤੀ ਗਈ। ਇਸ ਦੋ ਰੋਜਾ ਅਥਲੈਟਿਕ ਮੀਟ ਦੇ ਮੁੱਖ ਮਹਿਮਾਨ ਸ੍ਰੀ ਰਜਨੀਸ਼ ਕੁਮਾਰ ਮੈਨੇਜਰ (ਕਾਰੋਬਾਰ ਅਤੇ ਸੰਚਾਲਨ ਸਟੇਟ ਬੈਂਕ ਆਫ ਇੰਡੀਆ, ਬਠਿੰਡਾ) ਪੁੱਜੇ ਅਤੇ ਆਕਾਸ਼ ਬਾਂਸਲ ਤਲਵੰਡੀ ਸਾਬੋ ਨੇ ਵਿਸੇਸ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਅਥਲੈਟਿਕ ਮੀਟ ਵਿੱਚ ਗੈਸਟ ਆਫ ਦਾ ਆਨਰ ਵਜੋਂ ਗੁਰਦੀਪ ਸਿੰਘ ਅਤੇ ਸ੍ਰੀਮਤੀ ਮੰਜੂ ਗਲਹੋਤਰਾ ਚੀਫ ਮੈਨੇਜਰ ਡਿਜੀਟਲ (ਸਟੇਟ ਬੈਂਕ ਆਫ ਇੰਡੀਆ, ਬਠਿੰਡਾ) ਨੇ ਸ਼ਮੂਲੀਅਤ ਕੀਤੀ। ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਨੇ ਆਏ ਹੋਏ ਮਹਿਮਾਨਾਂ ਨੂੰ ਤਹਿ ਦਿਲੋਂ ਜੀ ਆਇਆਂ ਆਖਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪਡ੍ਹਾਈ ਦੇ ਨਾਲ-ਨਾਲ ਖੇਡਾਂ ਪ੍ਰਤੀ ਵੀ ਪ੍ਰੇਰਿਤ ਕੀਤਾ ।ਉਨ੍ਹਾਂ ਨੇ ਕਿਹਾ ਕਿ ਖੇਡਾਂ ਸਾਡੇ ਮਨੋਰੰਜਨ ਦੇ ਨਾਲ-ਨਾਲ ਸਾਡੇ ਸਰੀਰ ਵਿੱਚ ਚੁਸਤੀ ਅਤੇ ਫੁਰਤੀ ਪੈਦਾ ਕਰਦੀਆਂ ਹਨ। ਇਸ ਅਥਲੈਟਿਕ ਮੀਟ ਵਿਚ ਵੱਖ-ਵੱਖ ਮੁਕਾਬਲਿਆਂ ਵਿੱਚ ਪੰਜ ਵਿਭਾਗਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਹਨਾਂ ਮੁਕਾਬਲਿਆਂ ਵਿਚੋਂ ਰਾਮਮੋਹਰ(.-2) ਅਤੇ ਲਵਪ੍ਰੀਤ ਕੌਰ (.-2)ਬੈਸਟ ਅਥਲੀਟ ਚੁਣੇ ਗਏ। ਇਸ ਅਥਲੈਟਿਕ ਮੀਟ ਦੀ ਓਵਰਆਲ ਚੈਂਪੀਅਨਸਹਿਪ ਗੁਰੂ ਕਾਸ਼ੀ ਸ਼ੋਸ਼ਲ ਸਾਇੰਸਜ ਵਿਭਾਗ ਨੇ ਹਾਸਿਲ ਕੀਤੀ। ਇਸ ਅਥਲੈਟਿਕ ਮੀਟ ਵਿੱਚ ਮੰਚ ਸੰਚਾਲਕ ਦੀ ਭੂਮਿਕਾ ਡਾ. ਭਾਵਨਾ ਸ਼ਰਮਾ ਨੇ ਨਿਭਾਈ। ਇਸ ਦੋ ਰੋਜਾ ਅਥਲੈਟਿਕ ਮੀਟ ਵਿੱਚ ਵੱਖ-ਵੱਖ ਵਿਭਾਗ ਦੇ ਮੁਖੀ ਡਾ. ਸੁਸ਼ੀਲ ਕੁਮਾਰ ਮੁਖੀ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ, ਡਾ. ਅਮਨਦੀਪ ਸਿੰਘ ਸੇਖੋਂ ਮੁਖੀ ਗੁਰੂ ਕਾਂਸ਼ੀ ਸੋਸ਼ਲ ਸਾਇੰਸਜ ਵਿਭਾਗ, ਡਾ. ਆਨੰਦ ਬਾਂਸਲ ਮੁਖੀ ਬਿਜ਼ਨਸ ਸਟਡੀ ਵਿਭਾਗ , ਡਾ. ਜਗਤਾਰ ਸਿੰਘ ਮੁਖੀ ਯਾਦਵਿੰਦਰਾ ਇੰਜੀਨੀਅਰ ਵਿਭਾਗ ਨੇ ਸ਼ਿਰਕਤ ਕੀਤੀ। ਇਸ ਅਥਲੈਟਿਕ ਮੀਟ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਵਿਭਾਗ ਦੇ ਇੰਚਾਰਜ ਪ੍ਰੋਫੈਸਰ ਗੁਰਦੀਪ ਸਿੰਘ, ਪ੍ਰੋਫੈਸਰ ਹਰਵਿੰਦਰ ਸਿੰਘ ਅਤੇ ਧਰਮਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਗੋਲਡ ਸਟਾਰ

ਅੱਜ ਦੀ ਆਵਾਜ਼

ਯਾਦਵਿੰਦਰਾ ਇੰਜਨੀਅਰਿੰਗ ਅਤੇ ਸਾਇੰਸ ਵਿਭਾਗ ਵੱਲੋਂ ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ ਕਰਵਾਈ ਗਈ, ਸਾਇੰਸ ਮੇਲਾ ਵੀ ਲਗਾਇਆ

ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ ਦੇ ਜੇਤੂਆਂ ਨੂੰ ਇਨਾਮ ਵੰਡਦੇ ਹੋਏ ਉੱਪ ਕੁਲਪਤੀ ਪ੍ਰੋ. ਅਰਵਿੰਦ।

ਤਲਵੰਡੀ ਸਾਬੋ • ਰਣਜੀਤ ਸਿੰਘ ਰਾਜੂ, ਜਿੰਦਲ

ਪੰਜਾਬੀ ਯੂਨੀਵਰਸਿਟੀ ਅਧੀਨ ਚੱਲਦੇ ਸਥਾਨਕ ਗੁਰੂ ਕਾਸ਼ੀ ਕੈਂਪਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਦੀ ਅਗਵਾਈ ਹੇਠ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਅਤੇ ਯਾਦਵਿੰਦਰਾ ਸਾਇੰਸਜ਼ ਵਿਭਾਗ ਵੱਲੋਂ ਸਕੂਲੀ ਵਿਦਿਆਰਥੀਆਂ ਅੰਦਰ ਵਿਗਿਆਨ ਪ੍ਰਤੀ ਰੁਚੀ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਦੇ ਮੰਤਵ ਨਾਲ ਹਰ ਸਾਲ੍ਹ ਦੀ ਤਰ੍ਹਾਂ ਇਸ ਵਾਰ ਵੀ ਕੌਮੀ ਵਿਗਿਆਨ ਦਿਵਸ ਨੂੰ ਸਮਰਪਿਤ 'ਪੰਜਾਬੀ ਯੂਨੀਵਰਸਿਟੀ ਜੂਨੀਅਰ ਸਾਇੰਸ ਸਟਾਰ' ਪ੍ਰਤੀਯੋਗਤਾ ਕਰਵਾਉਣ ਦੇ ਨਾਲ ਨਾਲ ਸਾਇੰਸ ਮੇਲਾ 2022 ਲਗਾਇਆ ਗਿਆ ਸਮਾਗਮ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਉੱਪ ਕੁਲਪਤੀ ਪ੍ਰੋ.ਅਰਵਿੰਦ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਂਪਸ ਪ੍ਰਬੰਧਕਾਂ ਵੱਲੋਂ ਜਾਰੀ ਪ੍ਰੈਸ ਬਿਆਨ ਮੁਤਾਬਿਕ ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ ਲਈ ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਦਸਵੀਂ ਕਲਾਸ ਵਿੱਚ ਪੜਦੇ 776 ਵਿਦਿਆਰਥੀਆਂ ਨੇ ਰਜਿਟ੍ਰੇਸ਼ਨ ਕਰਵਾਈ ਜਿਨ੍ਹਾਂ ਵਿੱਚੋਂ 617 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ। ਹਰਮਨਪ੍ਰੀਤ ਸਿੰਘ, ਸਰਕਾਰੀ ਸੀਨੀ:ਸੈਕੰ: ਸਕੂਲ ਬੱਲੂਆਣਾ ਨੇ ਪਹਿਲਾ ਸਥਾਨ ਹਾਸਿਲ ਕਰਕੇ 5100/- ਰੁਪਏ ਦੀ ਨਗਦ ਇਨਾਮੀ ਰਾਸ਼ੀ ਪ੍ਰਾਪਤ ਕੀਤੀ।ਦੂਜੀ ਅਤੇ ਤੀਜਾ ਸਥਾਨ ਕ੍ਰਮਵਾਰ ਨਾਜ਼ੀਆ, ਸ.ਸ.ਸ.ਸ. ਬਾਜੇਵਾਲਾ ਅਤੇ ਖੁਸ਼ਮੀਤ ਸ.ਸ.ਸ.ਸ. ਜੋਧਪੁਰ ਰੋਮਾਣਾ ਨੇ ਪ੍ਰਾਪਤ ਕਰਦਿਆਂ ਕ੍ਰਮਵਾਰ 3100/- ਰੁਪਏ ਅਤੇ 2100/- ਰੁਪਏ ਦਾ ਨਗਦ ਇਨਾਮ ਹਾਸਿਲ ਕੀਤਾ। ਇਨ੍ਹਾਂ ਤੋਂ ਇਲਾਵਾ ਅਗਲੀਆਂ 17 ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਨਗਦ ਇਨਾਮ ਦਿੱਤਾ ਗਿਆ ਸਾਇੰਸ ਮੇਲੇ ਵਿੱਚ ਲਗਭਗ 106 ਦੇ ਕਰੀਬ ਵਿਦਿਆਰਥੀਆਂ ਨੇ ਆਪਣੇ ਸਾਇੰਸ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਸਾਇੰਸ ਮੇਲੇ ਵਿੱਚ ਪਹਿਲਾ ਸਥਾਨ ਮਹਿਕਦੀਪ ਕੌਰ ਸ.ਹ.ਸ. ਖਿਆਲੀਵਾਲਾ, ਦੂਜਾ ਸਥਾਨ ਦੀਪ ਕੌਰ ਅਤੇ ਸਿਮਰਜੀਤ ਕੌਰ ਸ.ਸ.ਸ.ਸ. ਘੁੱਦਾ ਅਤੇ ਤੀਜਾ ਸਥਾਨ ਰਮਨਜੀਤ ਕੌਰ ਅਤੇ ਰਮਨਦੀਪ ਕੌਰ ਸ.ਹ.ਸ. ਜੱਜਲ ਨੇ ਹਾਸਿਲ ਕੀਤਾ ਜਿਨ੍ਹਾਂ ਨੂੰ ਕ੍ਰਮਵਾਰ 3100/-, 2100/- ਅਤੇ 1100/- ਰੁਪਏ ਦਾ ਇਨਾਮ ਦਿੱਤਾ ਗਿਆ ਇਨ੍ਹਾਂ ਸਮਾਗਮਾਂ ਦੇ ਇਨਾਮ ਵੰਡ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਉੱਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਪ੍ਰੋ. ਅਰਵਿੰਦ ਅਤੇ ਜਿਲ੍ਹਾ ਸਿੱਖਿਆ ਅਫਸਰ ਮਾਨਸਾ ਸੰਜੀਵ ਕੁਮਾਰ ਸ਼ਾਮਲ ਹੋਏ ਪ੍ਰੋ.ਅਰਵਿੰਦ ਨੇ ਵਿਦਿਆਰਥੀਆਂ ਅਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਸਾਰੇ ਸਾਇੰਸ ਮੇਲੇ ਵਿੱਚ ਮਾਡਲਾਂ ਦੇ ਨਿਰਣਾਇਕ ਵਜੋਂ ਡਿਊਟੀ ਡਾ. ਨੇਹਾ ਜਿੰਦਲ ਅਤੇ ਡਾ. ਪਰਮਜੀਤ ਕੌਰ ਨੇ ਨਿਭਾਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮੁਖੀ ਡਿਸਟੈਂਸ ਐਜੂਕੇਸ਼ਨ ਵਿਭਾਗ ਡਾ. ਸਤਨਾਮ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

7 Join us on Facebook www.facebook.com/a

ਯਾਦਵਿੰਦਰਾ ਇੰਜਨੀਅਰਿੰਗ ਵਿਭਾਗ ਵੱਲੋਂ ਫਰੈਸ਼ਰ ਪਾਰਟੀ ਕਰਵਾਈ ਗਈ

ਤਲਵੰਡੀ ਸਾਬੋ 10 ਦਸੰਬਰ (ਕਮਲਦੀਪ ਬਾਂਸਲ)– ਸਥਾਨਕ ਯਾਦਵਿੰਦਰਾ ਕਾਲਜ ਦੇ ਪ੍ਰੋਫੈਸਰ ਮਕੈਨੀਕਲ ਇੰਜਨੀਅਰਿੰਗ ਦਾ ਇਸ ਪਾਰਟੀ ਲਈ ਫੰਡ ਜਾਰੀ ਕਰਨ ਲਈ ਧੰਨਵਾਦ ਵੀ ਕੀਤਾ ।

ਇੰਜਨੀਅਰਿੰਗ ਵਿਭਾਗ ਵੱਲੋਂ ਬੀ. ਟੈੱਕ.,ਐਮ. ਟੈੱਕ. ਅਤੇ ਐਮ.ਸੀ.ਏ. ਪਹਿਲਾ ਸਾਲ ਦੇ ਵਿਦਿਆਰਥੀਆਂ ਨੂੰ ਜੀ ਆਇਆਂ ਕਹਿਣ ਲਈ ਐਸਪਰਾਂਜ਼ਾ–2021 ਫ੍ਰੈਸ਼ਰ ਪਾਰਟੀ ਕਰਵਾਈ ਗਈ। ਇਸ ਪਾਰਟੀ ਦੇ ਕਨਵੀਨਰ ਡਾ ਮੀਨਾਕਸ਼ੀ ਬਾਂਸਲ ਅਸਿਸਟੈਂਟ ਪ੍ਰੋਫੈਸਰ ਕੰਪਿਊਟਰ ਇੰਜਨੀਅਰਿੰਗ ਅਤੇ ਡਾ ਅਸ਼ੋਕ ਕੁਮਾਰ ਬੱਠਲਾ ਅਸਿਸਟੈਂਟ ਪ੍ਰੋਫੈਸਰ ਕੰਪਿਊਟਰ ਇੰਜਨੀਅਰਿੰਗ ਸਨ ।ਡਾ ਅਮਨਦੀਪ ਸਿੰਘ ਸਾਬਕਾ ਮੁਖੀ ਯੂ ਐੱਸ ਬੀ ਐੱਸ ਅਤੇ ਡਾ ਸੰਦੀਪ ਰਾਣਾ ਅਸਿਸਟੈਂਟ ਪ੍ਰੋਫੈਸਰ ਪੰਜਾਬੀ ਨੇ ਬਤੌਰ ਚੀਫ ਗੈਸਟ ਸ਼ਿਰਕਤ ਕੀਤੀ ।ਵਿਭਾਗ ਦੇ ਮੁਖੀ ਡਾ ਜਗਤਾਰ ਸਿੰਘ ਨੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ ਅਤੇ ਵਿਦਿਆਰਥੀਆਂ ਨੂੰ ਮਿਹਨਤ ਕਰ ਕੇ ਆਪਣੇ ਮਾਪਿਆਂ ਦਾ ਨਾਮ ਚਮਕਾਉਣ ਦੀ ਪ੍ਰੇਰਨਾ ਦਿੱਤੀ ।ਉਨ੍ਹਾਂ ਈ. ਸੀ. ਏ.ਦੇ ਪ੍ਰਧਾਨ ਡਾ ਬਲਰਾਜ ਸਿੰਘ ਬਰਾੜ ਐਸੋਸੀਏਟ ਇਸ ਪਾਰਟੀ ਵਿੱਚ ਮਿਸ ਫਰੈਸ਼ਰ ਰੂਬਲ ਬੀ. ਟੈਕ. ਸੀ. ਐਸ. ਈ. ਅਤੇ ਮਿਸਟਰ ਫਰੈਸ਼ਰ ਅਰਮਾਨ ਸਿੰਘ ਬੀਟੈੱਕ ਸੀ.ਐਸ. ਈ. ਨੂੰ ਚੁਣਿਆ ਗਿਆ ।ਮਿਸਟਰ ਪਰਸਨੈਲਿਟੀ ਦਾ ਖਿ?ਤਾਬ ਕਪਿਲ ਮਾਹਿਰ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਅਤੇ ਮਿਸ ਚਾਰਮਿੰਗ ਦਾ ਖਿਤਾਬ ਰਮਨਦੀਪ ਕੌਰ ਬੀ.ਟੈਕ.ਸੀ. ਐਸ. ਈ. ਨੇ ਜਿੱਤਿਆ । ਇਸ ਕੈਂਪਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਨੇ ਮਿਸ ਫਰੈਸ਼ਰ ਅਤੇ ਮਿਸਟਰ ਫਰੈਸ਼ਰ ਵਿਦਿਆਰਥੀਆਂ ਨੂੰ ਟੈਗ ਪਹਿਨਾਏ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਵੀ ਕੀਤੀ ।ਉਨ੍ਹਾਂ ਵਿਭਾਗ ਦੇ ਮੁਖੀ ਡਾ. ਜਗਤਾਰ ਸਿੰਘ ਨੂੰ ਇਸ ਪਾਰਟੀ ਕਰਵਾਉਣ ਦੀ ਵਧਾਈ ਵੀ ਦਿੱਤੀ। ਇਸ ਪਾਰਟੀ ਵਿਚ ਵਿਭਾਗ ਦੇ ਸਾਰੇ ਅਧਿਆਪਕ ਅਤੇ ਸਾਰਾ ਅਮਲਾ ਸ਼ਾਮਲ ਸੀ ।

ਯਾਦਵਿੰਦਰਾ ਇੰਜਨੀਅਰਿੰਗ ਵਿਭਾਗ ਨੇ ਅਖੀਰਲੇ ਸਾਲ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ

ਤਲਵੰਡੀ ਸਾਬੋ 11 ਦਸੰਬਰ (ਕਮਲਦੀਪ ਬਾਂਸਲ/ਰਾਮ ਰੇਸ਼ਮ ਸ਼ਰਨ)– ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਦੇ ਯਾਦਵਿੰਦਰਾ ਇੰਜਨੀਅਰਿੰਗ ਵਿਭਾਗ ਵੱਲੋਂ ਬੀਟੈੱਕ,ਐੱਮ ਟੈੱਕ ਅਤੇ ਐਮ.ਸੀ.ਏ ਦੇ ਅਖੀਰਲੇ ਸਾਲ ਦੇ ਵਿਦਿਆਰਥੀਆਂ ਨੂੰ ਸਾਇਉਨਾਰਾ – 2021 ਵਿਦਾਇਗੀ ਪਾਰਟੀ ਦਿੱਤੀ ਗਈ ।ਇਸ ਪਾਰਟੀ ਦੇ ਕੋਆਰਡੀਨੇਟਰ ਡਾ .ਕੈਂਡੀ ਗੋਇਲ ਅਤੇ ਡਾ.ਗੁਰਪ੍ਰੀਤ ਭਾਰਤੀ ਅਸਿਸਟੈਂਟ ਪ੍ਰੋਫੈਸਰ ਈ.ਸੀ. ਈ. ਸਨ ।ਵਿਭਾਗ ਦੇ ਮੁਖੀ ਡਾ. ਜਗਤਾਰ ਸਿੰਘ ਨੇ ਪਾਰਟੀ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜੀ ਆਇਆਂ ਆਖਿਆ ।ਇਸ ਪਾਰਟੀ ਵਿਚ ਮਿਸ ਫੇਅਰਵੈੱਲ ਸ਼ਿਵਾਨੀ ਬੀ. ਟੈਕ. ਸੀ.ਐਸ. ਈ. ਅਤੇ ਮਿਸਟਰ ਫੇਅਰਵੈੱਲ ਕਿਰਪਾਲ ਸਿੰਘ ਬੀਟੈੱਕ ਐੱਮ. ਈ. ਨੂੰ ਚੁਣਿਆ ਗਿਆ ।ਮਿਸ ਚਾਰਮਿੰਗ ਦਾ ਖਿਤਾਬ ਲਵਦੀਪ ਕੌਰ ਬੀਟੈਕ ਸੀ. ਐਸ. ਈ. ਅਤੇ ਮਿਸਟਰ ਪਰਸਨੈਲਿਟੀ ਦਾ ਖਿਤਾਬ ਹਰਪਰੀਤ ਸਿੰਘ ਬੀ. ਟੈਕ. ਐਮ. ਈ. ਨੇ ਜਿੱਤਿਆ ।ਕੈਂਪਸ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਡਿਗਰੀ ਪੂਰੀ ਹੋਣ ਤੇ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਪਲੇਸਮੈਂਟ ਲਈ ਆਪਣੇ 35 ਸਾਲਾਂ ਦੇ ਤਜਰਬੇ ਵਿਚੋਂ ਨੁਕਤੇ ਦੱਸੇ। ਉਨ੍ਹਾਂ ਵਿਭਾਗ ਵਿਚ ਚੁਣੇ ਗਏ ਮਿਸਟਰ ਫੇਅਰਵੈੱਲ ਅਤੇ ਮਿਸ ਫੇਅਰਵੈੱਲ ਨੂੰ ਟੈਗ ਵੀ ਪਹਿਨਾਏ ।

Annual Athletic Meet 2022

Annual Athletic Meet 2022